देवानां भद्रा सुमतिर्ऋजूयताम्।। ऋ० १/८९/२

9 772395 711007

Impact Factor 7.523

ISSN : 2395-7115

नवम्बर 2024

Vol.-20, Issue-5(1)

# Bohal Shodh Manjusha

**AN INTERNATIONAL PEER REVIEWED, REFEREED MULTIDISCIPLINARY & MULTIPLE LANGUAGES RESEARCH JOURNAL**

UGC Valid Journal (The Gazette of India, Extraordinary Part III, Section 4, Dated July 18, 2018)

## वैश्वीकरण के दौर में बदलती सामाजिक व्यवस्था

Guru Nanak Girls College
Sant Pura, Yamuna Nagar

विशेषांक सम्पादक :
डॉ. गीतू खन्ना,
डॉ. अमनदीप कौर

सम्पादक :
डॉ. नरेश सिहाग
एडवोकेट

*Publisher :*
**Gugan Ram Educational & Social Welfare Society (Regd.)**
202, Old Housing Board, Bhiwani, Haryana-127021

Scanned with OKEN Scanner

# अनुक्रमाणिका – नवम्बर 2024


| क्र. | विषय | लेखक | पृष्ठ |
|---|---|---|---|
| 1. | सम्पादकीय | डॉ. गीतू खन्ना, डॉ. अमनदीप कौर | 11–11 |
| 2. | शुभकामना संदेश | | 12–15 |
| 3. | हिन्दी साहित्य में नारी चित्रण | डॉ. गीतू खन्ना | 16–22 |
| 4. | वैश्वीकरण के दौर में भारतीय शिक्षा संस्कृति और साहित्य | डॉ. शक्ति बुद्धिराजा | 23–27 |
| 5. | वैश्वीकरण के दौर में साहित्य में चित्रित परिवर्तित होता पारिवारिक ढांचा | डॉ. अंजू बाला | 28–35 |
| 6. | वैश्वीकरण का अवधारणात्मक विकास व महिला सशक्तिकरण | संदीप कौर | 36–39 |
| 7. | वैश्वीकरण के दौर में विखंडित होते जीवन और मानवीय मूल्य : हिन्दी उपन्यासों के सन्दर्भ में | डॉ. अमनदीप कौर | 40–45 |
| 8. | वैश्वीकरण के दौर में साहित्य में वर्णित वर्तमान भारतीय शिक्षा व्यवस्था | मिस दीपमाला | 46–50 |
| 9. | वैश्वीकरणसमये वेदनिहितसामाजिकसिद्धान्तविचारः | अजित कुमार नायक | 51–54 |
| 10. | साहित्य में वैश्वीकरण का प्रभाव : शरद जोशी और रवींद्रनाथ त्यागी के व्यंग्यात्मक दृष्टिकोण का विश्लेषण | अर्चना बारस्कर | 55–60 |
| 11. | वैश्वीकरण के दौर में विखण्डित होते जीवन मूल्य 'गिलिगडु' उपन्यास के संदर्भ में | बीना मीणा | 61–64 |
| 12. | वैश्वीकरण के दौर में दिविक रमेश के बाल कथा साहित्य में चित्रित बाल समस्याएं | दीपिका चौहान, डॉ. रीता सिंह | 65–69 |
| 13. | वैश्वीकरण के दौर में साहित्य में वर्णित वर्तमान भारतीय शिक्षा व्यवस्था | धीरेंद्र प्रताप सिंह गौर | 70–76 |
| 14. | The Impact of Technology on Mental Health of Young Adults : A Systematic Review | Ms. Divya Rathi, Dr. Nirupma Saini, Dr. Vandana Singh | 77-84 |
| 15. | वैश्वीकरण के दौर में साहित्य में वर्णित वर्तमान भारतीय शिक्षा व्यवस्था | डॉ आदित्य प्रकाश | 85–89 |
| 16. | वैश्वीकरण के दौर में साहित्य में वर्णित वर्तमान भारतीय शिक्षा व्यवस्था | डॉ. अमिता रेहू | 90–97 |
| 17. | भूमण्डलीकरण और हिन्दी भाषा | डॉ० चन्द्रा खत्री, डॉ० आशा हर्बोला | 98–100 |




Scanned with OKEN Scanner

| | | | |
|---|---|---|---|
| 18. | वैश्वीकरण के दौर में साहित्य में वर्णित दलित उद्भावना | डॉ. दलीप कुमार | 101–107 |
| 19. | वैश्वीकरण के दौर में साहित्य में चित्रित नारी की दशा | डॉ. दीप्ति | 108–112 |
| 20. | वैश्वीकरण के दौर में स्त्री विमर्श और स्त्री लेखन : समकालीन हिंदी कथा साहित्य के संदर्भ में अध्ययन | डॉ. गोपीराम शर्मा | 113–119 |
| 21. | वैश्वीकरण के दौर में साहित्य में वर्णित नारी की दशा | डॉ. गुरमीत कौर | 120–121 |
| 22. | वैश्वीकरण के दौर में साहित्य में वर्णित प्रवास का दर्द | डॉ. जैस्मीन पटनायक | 122–128 |
| 23. | वैश्वीकरण के दौर में साहित्य में नारी की दशा | डॉ. ममता कुंवर | 129–134 |
| 24. | वैश्वीकरण एवं जनजातीय कल्याण | डॉ.(श्रीमती)मंजुलता कश्यप | 135–139 |
| 25. | Effect of Globalization on Sports in India | Dr. Meenakshi Gupta | 140-143 |
| 26. | वैश्वीकरण और मूल्य-विघटन की कहानी : साहित्य की जुबानी | डॉ. मीनू नन्दा | 144–150 |
| 27. | वैश्वीकरण के दौर में बदलती सामाजिक व्यवस्था | डॉ. नरेश कुमार | 151–157 |
| 28. | वैश्वीकरण के दौर में बदलती सामाजिक व्यवस्था | डॉ. पूजा शर्मा | 158–163 |
| 29. | वैश्वीकरण के दौर में वैदिक साहित्य में वर्णित वर्तमान भारतीय शिक्षा व्यवस्था | डॉ. पुष्पा शर्मा | 164–167 |
| 30. | वैश्वीकरण के दौर में साहित्य में चित्रित समरसता | Dr. R. Kavita | 168-172 |
| 31. | वैश्वीकरण के दौर में सामाजिक समरसता | डॉ. राजश्री लक्ष्मण तावरे | 173–176 |
| 32. | आधुनिक काल में बदलते नारी स्वरूप का चित्रण : कोमल गांधार | डॉ. सिम्मी सिंह | 177–181 |
| 33. | वैश्वीकरण के दौर में हिंदी कहानियों में नारी की दशा | डॉ. सुनीता देवी | 182–184 |
| 34. | वैश्वीकरण के दौर में साहित्य में चित्रित नारी की दशा | डॉ. सुरेन्द्र कुमार | 185–187 |
| 35. | चित्रा मुद्गल की कहानियों में दरकते परिवार | डॉ. सुषमा ठाकुर | 188–193 |
| 36. | वैश्वीकरण के दौर में साहित्य में चित्रित, परिवर्तित होता पारिवारिक ढाँचा (रामदरश मिश्र के उपन्यासों के संदर्भ में) | डॉ० यज्ञेश कुमार | 194–199 |
| 37. | आर्थिक परिदृश्य में वैश्वीकरण के दबाव में युवाओं पर प्रभाव | डॉ. गीता सराफ | 200–205 |
| 38. | वैश्विक समय और समकालीन हिंदी कविता में जीवन मूल्य | डॉ. प्रिया ए. | 206–211 |
| 39. | वैश्वीकरण के दौर में साहित्य में दलित विमर्श | कोमल | 212–215 |
| 40. | वैश्वीकरण का प्रभाव और 'पीली छतरी वाली लड़की' में चित्रित विश्वविद्यालय परिसर | कुलसूम | 216–222 |
| 41. | वैश्वीकरण के दौर में उषा प्रियंवदा की कहानियों में विखंडित होते जीवन और मानवीय मूल्य | मोनिका चौहान, डॉ. रीता सिंह | 223–227 |




Scanned with OKEN Scanner

| | | |
|---|---|---|
| 42. वैश्वीकरण के दौर में साहित्य में चित्रित विखण्डित होते जीवन मूल्य | मोनिका तालियान | 228-234 |
| 43. पं० लखमीचंद और पं० जगन्नाथ के लोक साहित्य में नारी सौंदर्य | नविता, डॉ. शर्मिला | 235-238 |
| 44. वैश्वीकरण के दौर में साहित्य में वर्णित दलित उद्भावना | निशिम नागर | 239-242 |
| 45. वैश्वीकरणसमये गीतानिष्ठसमाजतत्त्वविचारः | ओमप्रकाशदासः | 243-246 |
| 46. वैश्वीकरण का हाशिये पर स्थित दलित नारी पर प्रभाव | प्रदीप कुमार | 247-251 |
| 47. वैश्वीकरण के दौर में बदलता ग्रामीण जीवन | पवन कुमारी | 252-256 |
| 48. भूमंडलीकरण के दौर में हिन्दी उपन्यासों में अभिव्यक्त नौकरी और तनाव का अंतर्संबंध | प्रदुन कुमार | 257-261 |
| 49. भगवानदास मोरवाल के उपन्यास 'शकुंतिका' में नारी चेतना | प्रेमलता | 262-266 |
| 50. वैश्वीकरण के दौर में राजनैतिक मूल्यों का विघटन : महाभोज उपन्यास के सन्दर्भ में | रंजीता मिर्धा | 267-271 |
| 51. वैश्वीकरण के दौर में हिन्दी कहानियों में चित्रित आदिवासी नारी जीवन | रीता देवी, डॉ. पिंकी पारीक | 272-276 |
| 52. वैश्वीकरण के दौर में स्त्री-कविता का उद्भव | समीक्षा दुबे | 277-281 |
| 53. वैश्वीकरण के दौर में दलित साहित्य | संगीता देवी | 282-287 |
| 54. वैश्वीकरण के दौर में हिंदी के विकास में अनुवाद की भूमिका | सतीश कुमार भारद्वाज | 288-292 |
| 55. वैश्वीकरण के दौर में साहित्य में चित्रित विखण्डित होते जीवन मूल्य | शालिनी पाण्डेय | 293-301 |
| 56. Globalization & Gender Inequality in Employment | Shammi Bajaj | 302-307 |
| 57. वैश्वीकरण का महिलाओं पर प्रभाव | शिवानी शर्मा | 308-310 |
| 58. वैश्वीकरण के दौर में साहित्य में चित्रित परिवर्तित होता पारिवारिक ढांचा | सुभाष चन्द | 311-315 |
| 59. उदय प्रकाश की कहानियों में उत्तर आधुनिकता | सुशील कुमार | 316-320 |
| 60. वैश्वीकरण के दौर में साहित्य में चित्रित नारी की दशा | श्रीमती ऊषा देवी | 321-326 |
| 61. वैश्वीकरण के दौर में साहित्य में चित्रित नारी की दशा | Vikesh Bala | 327-329 |
| 62. वैश्वीकरण के दौर में साहित्य में वर्णित वर्तमान भारतीय शिक्षा व्यवस्था | विशाखा | 330-334 |
| 63. गिरिराज शरण अग्रवाल के व्यंग्यों में चित्रित भ्रष्टाचार की समस्या | विशाल कुमार, प्रोफेसर (डॉ.) माया मलिक | 335-340 |




Scanned with OKEN Scanner

| | | | |
|---|---|---|---|
| 64. | ਵਿਸ਼ਵੀਕਰਨ ਦੇ ਦੌਰ ਵਿਚ ਗੁਰਦਿਆਲ ਸਿੰਘ ਦੇ ਨਾਵਲਾਂ ਦੀ ਪ੍ਰਸੰਗਿਕਤਾ | ਡਾ. ਗੁਰਜਿੰਦਰ ਕੌਰ | 341-345 |
| 65. | ਸਮਕਾਲੀ ਕਵਿਤਾ ਵਿਚ ਤਿੜਕਦੇ ਅਹਿਸਾਸਾਂ ਦੀ ਪੀੜ ਦਾ ਬਿਆਨ | ਡਾ. ਸੁਖਵਿੰਦਰ ਕੌਰ ਕੰਵਲ | 346-350 |
| 66. | साहित्य में नारी | डॉ. कर्मजीत कौर | 351-354 |
| 67. | वैश्वीकरण के दौर में स्त्री-मुक्ति के प्रश्न (विशेष संदर्भ : चित्रा मुद्गल के उपन्यास) | डॉ. अंजना नायक | 355-359 |
| 68. | ਵਿਸ਼ਵੀਕਰਨ ਵਿੱਚ ਦਲਿਤ ਵਰਗ ਦੀ ਪਛਾਣ | ਸਹਾਇਕਪ੍ਰੋਫੈਸਰਯੋਗਿਤਾ ਚੰਦੇਲ | 360-367 |
| 69. | ਵਿਸ਼ਵੀਕਰਣ ਦੇ ਸੰਦਰਭ ਵਿੱਚ ਸੰਤ ਬਾਣੀਮਹੱਤਵ | ਸੁਨੀਲ ਕੁਮਾਰ ਨਾਗਰਾ | 368-373 |
| 70. | सामाजिक चेतना के पोषक : मुनिश्री तरुणसागर | डॉ. अनुभा जैन | 374-377 |
| 71. | ਵਿਸ਼ਵੀਕਰਨ ਦੇ ਦੌਰ ਵਿਚ ਆਂਚਲਿਕਤਾ ਦੀ ਗੱਲ ਕਰਦਾ ਨਾਵਲ 'ਅੱਧ ਚਾਨਣੀ ਰਾਤ' | ਸਤਵੀਰ ਕੌਰ | 378-384 |
| 72. | वैश्विक परिदृश्य में आंचलिक उपन्यासों का मूल्यांकन | डॉ. लक्ष्मी गुप्ता | 385-388 |
| 73. | वैश्वीकरण और हिन्दी उपन्यास साहित्य में अन्तर्सबन्ध | डॉ. वीरेन्द्र सिंह थापा | 389-392 |
| 74. | वैश्वीकरण के दौर में हिन्दी साहित्य में चित्रित नारी की दशा | श्रीमती प्रेमलता पाटिल | 393-398 |
| 75. | वैश्वीकरण के दौर में साहित्य में वर्णित प्रवास का दर्द | डॉ. प्रवीण कटारिया | 399-403 |
| 76. | ਵਿਸ਼ਵੀਕਰਨ ਦੇ ਸੰਦਰਭ ਵਿੱਚ ਗੁਰੂ ਨਾਨਕ ਬਾਣੀ ਦੀ ਮਹੱਤਤਾ | ਹਰਜੀਤ ਕੌਰ | 404-410 |
| 77. | ਵਿਸ਼ਵੀਕਰਨ ਦੇ ਦੌਰ ਵਿੱਚ ਸਮਾਜਿਕ ਬਦਲਾਅ | ਨੀਤੂ ਸ਼ਰਮਾ | 411-416 |

www.bohalshodhmanjusha.com
Impact Factor : 7.523

Bohal Shodh Manjusha ISSN : 2395-7115
Nov. 2024 Page No. : 404-410

AN INTERNATIONAL PEER REVIEWED, REFEREED MULTIDISCIPLINARY
& MULTIPLE LANGUAGES RESEARCH JOURNAL

# ਵਿਸ਼ਵੀਕਰਨ ਦੇ ਸੰਦਰਭ ਵਿੱਚ ਗੁਰੂ ਨਾਨਕ ਬਾਣੀ ਦੀ ਮਹੱਤਤਾ

**ਹਰਜੀਤ ਕੌਰ**

ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ, ਗੁਰੂ ਨਾਨਕ ਗਰਲਜ਼ ਕਾਲਜ ਸੰਤਪੁਰਾ, ਯਮੁਨਾਨਗਰ

ਵਿਸ਼ਵੀਕਰਨ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਨਾਲ ਲੋਕਾਂ ਜਾਂ ਵੱਖੋ-ਵੱਖਰੀਆਂ ਕੌਮਾਂ ਦੀਆਂ ਸਰਕਾਰਾਂ ਵਿਚਕਾਰ ਆਪਸੀ ਗੱਲਬਾਤ ਰਾਹੀਂ ਨੇੜਤਾ ਦੀ ਸਥਿੱਤੀ ਪੈਦਾ ਹੋ ਜਾਵੇ। ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਹਰ ਕਿਸਮ ਦੇ ਨਿਜ਼ਾਮ ਨੂੰ ਹਰ ਦੇਸ਼ ਨੂੰ ਅਤੇ ਹਰ ਖਿੱਤੇ ਨੂੰ ਆਪਣੇ ਪ੍ਰਭਾਵ ਖੇਤਰ ਵਿੱਚ ਲਿਆਂਦਾ ਹੈ। ਇਹ ਅੰਤਰ-ਰਾਸ਼ਟਰੀ ਵਿਉਪਾਰ, ਇਨਵੈਸਟਮੈਂਟ ਅਤੇ ਸੂਚਨਾ ਤਕਨਾਲੋਜੀ ਦੁਆਰਾ ਵਾਪਰੀ ਇੱਕ ਪ੍ਰਕਿਰਿਆ ਹੈ। ਅਜਿਹੀ ਪ੍ਰਕਿਰਿਆ ਦਾ ਪ੍ਰਭਾਵ ਵਾਤਾਵਰਣ, ਸਭਿਆਚਾਰ, ਰਾਜਨੀਤਿਕ ਪ੍ਰਬੰਧ, ਆਰਥਿਕ ਖੁਸ਼ਹਾਲੀ ਅਤੇ ਸਮਾਜ ਵਿੱਚ ਮਨੁੱਖ ਦੀ ਭੌਤਿਕ ਚੰਗਿਆਈ 'ਤੇ ਪਿਆ ਹੈ। ਆਰਥਿਕ ਖੁਸ਼ਹਾਲੀ ਤੋਂ ਭਾਵ ਵਿਸ਼ਵੀਕਰਨ ਦੇ ਪੱਧਰ 'ਤੇ ਵਿਸ਼ਵ ਦੀਆਂ ਆਰਥਿਕਤਾਵਾਂ ਦਾ ਆਪਸ ਵਿੱਚ ਜੁੜਨਾ ਅਤੇ ਆਪਸੀ ਨਿਰਭਰਤਾ ਦਾ ਵਧਣਾ, ਦੇਸ਼ਾਂ ਵਿੱਚ ਆਰਥਿਕ ਹੱਦਬੰਦੀਆਂ, ਵਸਤੂਆਂ, ਸੂਚਨਾ ਤਕਨਾਲੋਜੀ ਆਦਿ ਦੇ ਉਭਾਰ ਨੇ ਪਿਛਲੇ ਕੁੱਝ ਦਹਾਕਿਆਂ ਵਿੱਚ ਵਿਉਪਾਰ, ਪੂੰਜੀ ਨਿਵੇਸ਼ ਅਤੇ ਪਰਵਾਸ ਨੇ ਇਤਨੇ ਵੱਡੇ ਪੱਧਰ ਤੇ ਵਿਕਾਸ ਕੀਤਾ ਹੈ ਕਿ ਵੇਖਣ ਵਾਲੇ ਇਹ ਮਹਿਸੂਸ ਕਰਨ ਲੱਗ ਪਏ ਹਨ ਕਿ ਸੰਸਾਰ ਆਰਥਿਕ ਉੱਨਤੀ ਦੇ ਇੱਕ ਨਵੇਂ ਦੌਰ ਵਿੱਚ ਪ੍ਰਵੇਸ਼ ਕਰ ਗਿਆ ਹੈ। ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਦੇ ਆਰਥਿਕ, ਸਮਾਜਿਕ ਅਤੇ ਸਭਿਆਚਾਰ ਆਦਾਨ-ਪ੍ਰਦਾਨ ਨਾਲ ਵਿਸ਼ਵ ਚੇਤਨਤਾ ਪੈਦਾ ਹੁੰਦੀ ਹੈ। ਵਿਸ਼ਵੀਕਰਨ ਦੀ ਅਜੋਕੀ ਲਹਿਰ ਅਜਿਹੀਆਂ ਯੋਜਨਾਵਾਂ ਰਾਹੀਂ ਹੀ ਆਈ। ਜਿਸ ਨਾਲ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਆਰਥਿਕਤਾ ਦੇ ਰਾਹ ਖੁੱਲ੍ਹੇ ਹਨ।

ਵਿਸ਼ਵੀਕਰਨ ਦਾ ਸੰਕਲਪ ਕੋਈ ਨਵਾਂ ਸੰਕਲਪ ਨਹੀਂ ਹੈ ਸਗੋਂ ਸਦੀਆਂ ਤੋਂ ਮਨੁੱਖ ਅਤੇ ਬਾਅਦ ਵਿੱਚ ਕਾਰਪੋਰੇਸ਼ਨਾਂ ਦੂਰ-ਦੁਰਾਡੇ ਦੇ ਟਾਪੂਆਂ ਜਾਂ ਦੇਸ਼ਾਂ ਤੋਂ ਵਸਤੂਆਂ ਦਾ ਵੇਚ-ਵਟਾਂਦਰਾ ਕਰਦੇ ਰਹੇ ਹਨ। ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਨੂੰ ਵੀ ਅਸੀਂ ਇਸ ਪ੍ਰਸੰਗ ਵਿੱਚ ਵਿਚਾਰ ਸਕਦੇ ਹਾਂ। ਗੁਰੂ ਨਾਨਕ ਦੇਵ ਜੀ ਨੇ ਆਪਣੀ ਵਿਚਾਰਧਾਰਾ ਨੂੰ ਦੂਰ-ਦੁਰਾਡੇ ਦੇ ਲੋਕਾਂ ਤੱਕ ਪਹੁੰਚਾਉਣ ਲਈ ਦੇਸ਼ ਦੀਆਂ ਸਰਹੱਦਾਂ ਨੂੰ ਪਾਰ ਕਰਕੇ ਯਾਤਰਾਵਾਂ ਕੀਤੀਆਂ। ਉਹ ਇਸ ਉਦੇਸ਼ ਲਈ ਅਫ਼ਗਾਨਿਸਤਾਨ, ਮੱਕਾ ਮਦੀਨਾ, ਬਗ਼ਦਾਦ (ਇਰਾਕ), ਕਜ਼ਾਕਿਸਤਾਨ, ਤਿੱਬਤ, ਸੰਗਲਦੀਪ (ਲੰਕਾ) ਆਦਿ ਦੇਸ਼ਾਂ ਵੱਲ ਗਏ। ਵਿਸ਼ਵੀਕਰਨ ਦੇ ਸੰਦਰਭ ਵਿੱਚ ਗੁਰੂ ਨਾਨਕ ਬਾਣੀ ਵਿਸ਼ਵ ਭਰ ਦੇ ਲੋਕਾਂ ਲਈ ਵਿਸ਼ਵ ਅਮਨ, ਵਿਸ਼ਵ-ਭਾਈਚਾਰਾ, ਅਮੀਰ-ਗ਼ਰੀਬ ਦਾ ਵਿਤਕਰਾ ਅਤੇ ਵਿਸ਼ਵੀ ਮਨੁੱਖ ਨੂੰ ਇੱਕ ਦੂਜੇ ਦੇ ਮੋਢੇ ਨਾਲ ਮੋਢਾ ਜੋੜ ਕੇ ਅਤੇ ਬਿਨਾਂ ਕਿਸੇ ਡਰ ਦੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਦੇ ਹੋਏ ਇੱਕ ਖੁਸ਼ਹਾਲ ਸਮਾਜ ਵੱਲ ਵੱਧ ਸਕਣ ਦੀ ਪ੍ਰੇਰਨਾ ਦਿੰਦੀ ਹੈ।

ਗੁਰੂ ਨਾਨਕ ਦੇਵ ਜੀ ਗੁਰਮਤਿ ਵਿਚਾਰਧਾਰਾ ਦੇ ਮੋਢੀ ਹਨ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਮਨੁੱਖ ਦੇ ਸਮਾਜਿਕ ਯਥਾਰਥ ਵਿੱਚ ਅਨੇਕਾਂ ਮਹੱਤਵਪੂਰਨ ਤਬਦੀਲੀਆਂ ਵਾਪਰ ਚੁਕੀਆਂ ਹਨ। ਇਹ ਇੱਕ ਅਜਿਹਾ ਸਮਾਂ ਸੀ ਜਿਸ ਦੌਰਾਨ ਮੱਧ-ਯੁੱਗ ਦੀ ਸਮਾਜਿਕ, ਆਰਥਿਕ, ਰਾਜਨੀਤਿਕ, ਸਭਿਆਚਾਰਕ ਅਤੇ ਧਾਰਮਿਕ ਬਣਤਰ ਵਿੱਚ ਹੀ ਨਹੀਂ ਸਗੋਂ ਵਿਸ਼ਵੀਕਰਨ ਨਾਲ ਮਨੁੱਖ ਦੀ ਸੋਚ, ਉਸਦੀ ਬੁੱਧੀਮਾਨਤਾ ਅਤੇ ਵਿਸ਼ਵ-ਦ੍ਰਿਸ਼ਟੀ ਵਿੱਚ ਵੀ ਇੱਕ ਅਤਿ ਦਾ ਕ੍ਰਾਂਤੀਕਾਰੀ ਪਰਿਵਰਤਨ ਆ ਚੁੱਕਾ ਸੀ। ਗੁਰੂ ਨਾਨਕ ਜੀ ਦੀ ਵਿਚਾਰਧਾਰਾ ਮੱਧ-ਯੁੱਗ ਦੀ ਜਗੀਰੂ ਉਤਪਾਦਨ ਪ੍ਰਣਾਲੀ ਉੱਪਰ ਅਧਾਰਿਤ ਭਾਰਤੀ ਸਮਾਜ ਦੀ ਰਾਜਨੀਤਿਕ ਵਿਵਸਥਾ ਦਾ ਆਲੋਚਨਾਤਮਕ ਚਿਤਰਣ ਪੇਸ਼ ਕਰਦੀ ਹੈ। ਗੁਰੂ ਨਾਨਕ ਦੇਵ ਜੀ ਦੀ ਸੋਚ ਤੱਤਕਾਲੀਨ ਸਮਾਜਿਕ ਇਤਿਹਾਸਕਤਾ ਨਾਲ ਦਾਰਸ਼ਨਿਕਤਾ ਭਰਪੂਰ ਸੰਵਾਦ ਸਿਰਜਦੀ ਹੋਈ ਉਸ ਸਮੇਂ ਦੇ ਪਰਮਾਰਥੀ ਸਰੋਕਾਰਾਂ ਅਤੇ ਸੰਦਰਭਾਂ ਦੇ ਰੂ-ਬ-ਰੂ ਹੁੰਦੀ ਹੈ। ਇਹ ਵਿਚਾਰਧਾਰਾ ਕਲਿਆਣਕਾਰੀ ਅਰਥ ਪ੍ਰਬੰਧਾਂ ਵੱਲ ਅਗਰਸਰ ਹੁੰਦੀ ਹੈ।

ਗੁਰਬਾਣੀ ਵੱਗਦੇ ਹੋਏ ਦਰਿਆ ਦੇ ਨਿਰਮਲ ਪਾਣੀਆਂ ਦਾ ਅਜਿਹਾ ਅਨੰਤ ਪ੍ਰਵਾਹ ਹੈ ਜਿਸ ਪ੍ਰਵਾਹ ਦੀ ਦਿਸ਼ਾ ਨੂੰ ਜੇਕਰ ਮਨੁੱਖ ਆਪਣੀ ਵਾਸਤਵਿਕ ਜ਼ਿੰਦਗੀ ਵਿੱਚ ਸਦਾ ਲਈ ਦਿਸ਼ਾ ਨਿਰਦੇਸ਼ਕ ਬਣਾ ਲਵੇ ਤਾਂ ਉਹ ਰੂਹਾਨੀਅਤ ਦੇ ਅਗੰਮੀ ਅਨੰਦ ਨੂੰ ਮਾਣਦਾ



Scanned with OKEN Scanner

ਹੋਇਆ ਮਨੁੱਖਤਾ ਦੀ ਸੇਵਾ ਵਿੱਚ ਆਪਣਾ ਜੀਵਨ ਲੇਖੇ ਲਗਾ ਜਾਂਦਾ ਹੈ। 'ਆਸਾ ਦੀ ਵਾਰ' ਗੁਰੂ ਨਾਨਕ ਦੇਵ ਜੀ ਦੀ ਇੱਕ ਅਜਿਹੀ ਉਤਕ੍ਰਿਸ਼ਟ ਰਚਨਾ ਹੈ ਜਿਸਨੂੰ ਗੁਰੂ ਸਾਹਿਬ ਨੇ ਉਚਾਰ ਕੇ ਮਨੁੱਖੀ ਜੀਵਨ ਦੇ ਧੁੰਧਲੇਪਨ ਨੂੰ ਦੂਰ ਕਰਨ ਵਿੱਚ ਆਪਣਾ ਯੋਗਦਾਨ ਹੀ ਨਹੀਂ ਪਾਇਆ ਸਗੋਂ ਇਹ ਬਾਣੀ ਅੰਨਤਕਾਲ ਤੱਕ ਸਮੁੱਚੀ ਮਾਨਵਤਾ ਨੂੰ ਉਸਦੇ ਸਚਿਆਰ ਜੀਵਨ ਦੀ ਘਾੜ੍ਹਤ ਲਈ ਸਹੀ ਮਾਰਗ-ਦਰਸ਼ਨ ਕਰਨ ਵੱਲ ਪ੍ਰੇਰਿਤ ਕਰਦੀ ਰਹੇਗੀ। ਆਸਾ ਦੀ ਵਾਰ ਦਾ ਭਾਵ ਇਕ ਉਮੀਦ (ਆਸ) ਦੀ ਗਾਥਾ ਤੋਂ ਹੈ ਜੋ ਕਿ ਸਿੱਖ ਧਰਮ ਦੀ ਇੱਕ ਮੂਲ ਧਾਰਮਿਕ ਬਾਣੀ ਹੈ।1 'ਆਸਾ ਦੀ ਵਾਰ' ਵਿੱਚ ਮਨੁੱਖ ਅਤੇ ਮਨੁੱਖਤਾ ਦੀ ਪਛਾਣ ਕਰਕੇ ਇੱਕ ਸਰਬ ਸਾਂਝੀਵਾਲਤਾ ਦਾ ਸਰੂਪ ਨਿਰਧਾਰਿਤ ਕੀਤਾ ਹੈ। ਇਸ ਵਿੱਚ ਪ੍ਰਗਟਾਏ ਵਿਚਾਰ ਕਿਸੇ ਇੱਕ ਇਲਾਕੇ, ਕਿਸੇ ਇੱਕ ਮਨੁੱਖ ਜਾਂ ਕਿਸੇ ਵਿਸ਼ੇਸ਼ ਸਮੇਂ ਲਈ ਨਹੀਂ ਸਗੋਂ ਸਮੁੱਚੀ ਮਨੁੱਖਤਾ ਲਈ ਸਾਂਝੇ ਹਨ। ਗੁਰੂ ਨਾਨਕ ਦੇਵ ਜੀ ਨੇ ਨਿਮਨ-ਲਿਖਤ ਸਲੋਕ ਵਿੱਚ 'ਵਿਸਮਾਦੁ' ਸ਼ਬਦ ਰਾਹੀਂ ਇੱਕ ਅਜਿਹਾ ਦ੍ਰਿਸ਼ ਖਿੱਚਿਆ ਹੈ ਅਤੇ ਇਹ ਦਰਸਾਇਆ ਹੈ ਕਿ ਸਾਰਾ ਬ੍ਰਹਿਮੰਡ ਇੱਕ ਰੱਬੀ ਨਿਯਮ ਤਹਿਤ ਚੱਲ ਰਿਹਾ ਹੈ। ਉਹ ਰੱਬੀ ਨਿਯਮ ਸਾਰੀ ਮਨੁੱਖਤਾ ਲਈ ਬਰਾਬਰ ਕੰਮ ਕਰ ਰਿਹਾ ਹੈ। ਇਸ ਵਿਚਲੇ ਚਿੰਤਨ ਦੀ ਵਿਸ਼ੇਸ਼ਤਾ ਇਕਾਰਥੀ ਸੱਚ ਦੀ ਹੋਂਦ ਵਿਧੀ ਦੀ ਥਾਂ ਸੱਚ ਦੀ ਬਹੁ-ਕੇਂਦਰੀ ਹੋਂਦ ਵਿਧੀ ਨੂੰ ਵਿਅਕਤ ਕਰਨਾ ਹੈ। ਇਸ ਦੇ ਗੰਭੀਰ, ਚੇਤੰਨ ਤੇ ਚਿੰਤਨਸ਼ੀਲ ਪ੍ਰੋਖ ਵਿੱਚ ਸਾਰੀ ਮਨੁੱਖਤਾ ਵਿਸ਼ਵ ਪੱਧਰ ਤੇ ਕੁਦਰਤ ਦੀ ਗੋਦ ਵਿੱਚ ਬੈਠੀ ਬਰਾਬਰਤਾ ਦੇ ਅਧਿਕਾਰਾਂ ਦਾ ਅਨੰਦ ਮਾਣ ਰਹੀ ਪ੍ਰਤੀਤ ਹੁੰਦੀ ਹੈ :-

**ਵਿਸਮਾਦੁ ਨਾਦ ਵਿਸਮਾਦੁ ਵੇਦ।। ਵਿਸਮਾਦੁ ਜੀਅ ਵਿਸਮਾਦੁ ਭੇਦ।।**

**ਵਿਸਮਾਦੁ ਰੂਪ ਵਿਸਮਾਦੁ ਰੰਗ।। ਵਿਸਮਾਦੁ ਨਾਗੇ ਫਿਰਹਿ ਜੰਤ।।**

**ਵਿਸਮਾਦੁ ਪਉਣੁ ਵਿਸਮਾਦੁ ਪਾਣੀ।। ਵਿਸਮਾਦੁ ਅਗਨੀ ਖੇਡਹਿ ਵਿਡਾਣੀ।।**

**ਵਿਸਮਾਦੁ ਧਰਤੀ ਵਿਸਮਾਦੁ ਖਾਣੀ।। ਵਿਸਮਾਦੁ ਸਾਦਿ ਲਗਹਿ ਪਰਾਣੀ।।** 2

ਜਪੁਜੀ ਬਾਣੀ ਵਿਸ਼ਵ ਚਿੰਤਨ ਦੀ ਦੁਨਿਆਵੀ ਅਤੇ ਅਧਿਆਤਮਕ ਮਾਰਗ ਦੀ ਪ੍ਰਤੀਨਿਧਤਾ ਕਰਨ ਵਾਲੀ ਅਜਿਹੀ ਅਮਰ ਬਾਣੀ ਹੈ ਜਿਸਦੇ ਗਿਆਨ-ਸੰਸਾਰ ਵਿੱਚੋਂ ਵਿਸ਼ਵ



Scanned with OKEN Scanner

ਦੇ ਹਰ ਸੰਕਲਪ ਦੀ ਸੋਝੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਬਾਣੀ ਦੇ ਗਿਆਨ ਝਰੋਖੇ ਵਿੱਚ ਵਿਸ਼ਵ ਪੱਧਰ ਤੇ ਜੋ ਮਾਡਲ ਉਸਾਰੇ ਗਏ ਹਨ, ਉਨ੍ਹਾਂ ਮਾਡਲਾਂ ਦੀ ਪਿੱਠ-ਭੂਮੀ ਉੱਪਰ ਹੀ ਵਿਸ਼ਵੀਕਰਨ ਦੇ ਚਿੰਤਨ ਤੇ ਉਸਦੇ ਧਾਰਮਿਕ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਅਤੇ ਸਰੋਕਾਰਾਂ ਨੂੰ ਸਮਝਿਆ ਜਾ ਸਕਦਾ ਹੈ। ਮਨੁੱਖ ਦੇ ਜੀਵਨ ਦਾ ਇੱਕ ਮਹੱਤਵਪੂਰਨ ਪੱਖ ਉਸਦੀ ਆਰਥਿਕਤਾ ਦਾ ਹੈ। ਆਮ ਵੇਖਣ ਵਿੱਚ ਮਿਲਦਾ ਹੈ ਜਦੋਂ ਮਨੁੱਖ ਆਰਥਿਕ ਪੱਖੋਂ ਮਜ਼ਬੂਤ ਹੋ ਜਾਂਦਾ ਹੈ ਤਾਂ ਉਸ ਵਿੱਚ ਹਉਮੈ ਵੀ ਆ ਜਾਂਦੀ ਹੈ। ਹਉਮੈ ਨੂੰ ਜੇਕਰ ਸੰਜਮ ਵਿੱਚ ਰਹਿ ਕੇ ਨਾ ਵਰਤਿਆ ਜਾਵੇ ਤਾਂ ਉਹ ਮਨੁੱਖ ਲਈ ਮਾਰੂ ਸਿੱਧ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਸਮੁੱਚੇ ਵਿਸ਼ਵ ਨੂੰ ਸੰਦੇਸ਼ ਹੈ :-

**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ।।** 3

ਗੁਰੂ ਨਾਨਕ ਦੇਵ ਜੀ ਨੇ ਕੁਦਰਤ ਅਤੇ ਪਰਮਾਤਮਾ ਦੀ ਅਨੇਕਤਾ ਅਤੇ ਵੰਨ-ਸੁਵੰਨਤਾ ਨੂੰ ਜਪੁਜੀ ਵਿੱਚ ਚਿਤਰਿਆ ਹੈ। ਇਹ ਕੁਦਰਤ ਪਰਮਾਤਮਾ ਦੇ ਹੁਕਮ ਦਾ ਵਿਵਹਾਰਕ ਅਤੇ ਸਾਕਾਰ ਦ੍ਰਿਸ਼ ਹੈ। ਪਰਮਾਤਮਾ ਆਪਣੇ ਅਨੰਤ ਗੁਣਾਂ ਨੂੰ ਵਿਕਸਤ ਕਰਕੇ ਇਸ ਨੂੰ ਚਲਾ ਰਿਹਾ ਹੈ। ਇਹ ਵੰਨ-ਸੁਵੰਨਤਾ ਵਿਸ਼ਵ ਪੱਧਰ ਤੇ ਵਿਸ਼ਵੀ ਗਿਆਨ ਅਤੇ ਵਿਸ਼ਵੀ ਅਨੇਕਤਾ ਨਾਲ ਵੀ ਮੇਲ ਖਾਂਦੀ ਹੈ :-

**ਅੰਤੁ ਨ ਸਿਫਤੀ ਕਹਿਣ ਨ ਅੰਤੁ।।**

**ਅੰਤੁ ਨ ਕਰਣੈ ਦੇਣਿ ਨ ਅੰਤੁ।।**

**ਅੰਤੁ ਨ ਵੇਖਣਿ ਸੁਣਣਿ ਨ ਅੰਤੁ।।**

**ਅੰਤੁ ਨ ਜਾਪੈ ਕੀਆ ਮਨਿ ਮੰਤੁ।।** 4

ਗੁਰੂ ਨਾਨਕ ਦੇਵ ਜੀ ਨੇ ਇੱਕ ਸੁਚੇਤ ਸਮਾਜ-ਵਿਗਿਆਨੀ ਦੇ ਤੌਰ ਤੇ ਤੱਤਕਾਲੀਨ ਹਾਲਾਤਾਂ ਨੂੰ ਪੜਚੋਲਿਆ। ਫ਼ੋਕਟ ਧਾਰਮਿਕ ਰੀਤਾਂ, ਰਸਮਾਂ-ਰਿਵਾਜਾਂ ਦੇ ਬੰਧਨਾਂ ਨੂੰ ਨਿਰਾਰਥਕ ਜਾਣਦਿਆਂ ਧਰਮ ਅਚਾਰੀਆਂ ਨਾਲ ਗੋਸ਼ਟੀਆਂ ਕੀਤੀਆਂ ਤੇ ਨਿਰਣੈਜਨਕ ਜੁਗਤਾਂ ਦੁਆਰਾ ਆਮ ਲੋਕਾਂ ਨੂੰ ਧਰਮ ਦੀ ਅਸਲੀਅਤ ਤੇ ਪਰਮਾਤਮਾ ਦੇ ਕਲਿਆਣਕਾਰੀ ਸਦਗੁਣਾਂ ਤੋਂ ਜਾਣੂ ਕਰਵਾਇਆ। ਦੱਖਣੀ-ਓਅੰਕਾਰੁ ਬਾਣੀ ਰਚਨਾ ਰਾਹੀਂ ਗੁਰੂ ਨਾਨਕ ਦੇਵ ਜੀ ਨੇ 'ਪੱਟੀ' ਰਚਨਾ ਵਾਲੀ ਦਾਰਸ਼ਨਿਕਤਾ ਨੂੰ ਅਭਿਵਿਅਕਤ ਕੀਤਾ ਹੈ। 'ਓਅੰ' ਅੱਖਰ ਦੇ ਭਾਵ ਦੀ



Scanned with OKEN Scanner

ਵਿਆਖਿਆ ਕਰਦੇ ਹੋਏ ਆਪ ਨੇ ਮਨੁੱਖੀ ਜੀਵਨ ਦੇ ਵਿਭਿੰਨ ਪੱਖਾਂ ਨੂੰ ਉਲੀਕਿਆ ਅਤੇ ਅਗਿਆਨਤਾ ਰੂਪੀ ਹਨੇਰੇ ਦੇ ਰਾਹ ਤੇ ਚੱਲ ਰਹੀ ਲੋਕਾਈ ਨੂੰ ਗਿਆਨ ਦਾ ਮਾਰਗ ਦਰਸਾਇਆ। ਪਰਮਾਤਮਾ ਨੇ ਆਪ ਹੀ ਸ੍ਰਿਸ਼ਟੀ ਰਚੀ ਹੈ, ਉਹ ਜਗਤ ਦਾ ਮਾਲਕ ਤੇ ਪਾਲਕ ਆਪ ਹੀ ਹੈ। ਗੁਰੂ ਨਾਨਕ ਦੇਵ ਜੀ ਨੇ ਨਿਰੰਜਨ ਨੂੰ ਅਪਰੰਪਰ ਲਿਖਕੇ ਫਿਰ ਵਿਆਪਕ ਤੇ ਅੰਤਰੀਵੀ ਹੁੰਦਿਆਂ ਨਿਰੰਤਰ ਵਿਖਾਉਣ ਲਈ ਇੱਕ ਅੱਖਰ 'ਓ' ਦੀ ਵਰਤੋਂ ਕੀਤੀ ਹੈ। ਆਪ ਨੇ ਦੱਖਣੀ ਓਅੰਕਾਰੁ ਦੇ ਹਵਾਲੇ ਨਾਲ ਪਹਿਲੀ ਪਉੜੀ ਵਿੱਚ ਓਅੰਕਾਰੁ ਦੇ ਸੰਕਲਪ ਨੂੰ ਇਸ ਤਰ੍ਹਾਂ ਦਰਸਾਇਆ ਹੈ :-

**ਓਅੰਕਾਰਿ ਬ੍ਰਹਮਾ ਉਤਪਤਿ॥**

**ਓਅੰਕਾਰੁ ਕੀਆ ਜਿਨਿ ਚਿਤਿ॥**

**ਓਅੰਕਾਰਿ ਸੈਲ ਜੁਗ ਭਏ॥**

**ਓਅੰਕਾਰਿ ਬੇਦ ਨਿਰਮਏ॥**

**ਓਅੰਕਾਰਿ ਸਬਦਿ ਉਧਰੇ॥**

**ਓਅੰਕਾਰਿ ਗੁਰਮੁਖਿ ਤਰੇ॥** 5

ਗੁਰੂ ਨਾਨਕ ਦੇਵ ਜੀ ਬਾਰਾਂਮਾਹ ਤੁਖਾਰੀ ਬਾਣੀ ਰਚਨਾ ਵਿੱਚ ਕਈ ਸਾਧਨਾਂ ਰਾਹੀਂ ਲੋਕਾਂ ਨੂੰ ਸਦਾ ਕਾਰਜਸ਼ੀਲ ਰਹਿਣ ਅਤੇ ਕਿਰਤ ਕਮਾਉਂਦੇ ਰਹਿਣ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ ਅਤੇ ਇਹ ਸੁਝਾਅ ਦਿੰਦੇ ਹਨ ਕਿ ਪ੍ਰਭੂ ਵਿਛੋੜੇ ਦਾ ਦੁੱਖ ਸਹਿੰਦਿਆ ਮਨੁੱਖ ਆਪਣੀ ਨਿਤਾ-ਪ੍ਰਤੀ ਕਿਰਤ ਕਰਨੋਂ ਕਦੀ ਨਾ ਹਾਰੇ। ਗੁਰੂ ਸਾਹਿਬ ਕਿਸੇ ਮਨੁੱਖ ਨੂੰ ਦੁੱਖ ਵਿੱਚ ਆ ਕੇ ਅਜਿਹੀ ਨਿਰਾਸ਼ਾਵਾਦੀ ਬਿਰਤੀ ਧਾਰਨ ਕਰਨ ਦੀ ਆਗਿਆ ਨਹੀਂ ਦਿੰਦੇ ਜਿਸ ਰਾਹੀਂ ਉਹ ਉਦਮਹੀਨ ਅਤੇ ਕਿਰਤਹੀਣ ਬਣ ਕੇ ਰਹਿ ਜਾਏ। ਇਸ ਸੰਬੰਧੀ ਆਪ ਮਨੁੱਖ ਸਾਹਮਣੇ ਪ੍ਰਕਿਰਤੀ ਦੇ ਉਸ ਕਿਰਤਸ਼ੀਲ ਸੁਭਾਅ ਦਾ ਉਦਾਹਰਣ ਰੱਖਦੇ ਹਨ, ਜਿਸ ਰਾਹੀਂ ਉਸ ਦਾ ਕੋਈ ਅੰਗ ਵੀ ਵਿਰੋਧੀ ਵਾਤਾਵਰਣ ਵਿੱਚ ਆਪਣੀ ਸਾਧਾਰਨ ਕਿਰਤ ਨਹੀਂ ਤਿਆਗਦਾ:



Scanned with OKEN Scanner

ਆਸਾੜੁ ਭਲਾ ਸੂਰਜੁ ਗਗਨਿ ਤਪੈ।।

ਧਰਤੀ ਦੂਖ ਸਹੈ ਸੋਖੈ ਅਗਨਿ ਭਖੈ।।

ਅਗਿਨ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ।।

ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ।।

ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ।।

ਨਾਨਕ ਜਿਸਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ।। 6

ਅਜੋਕਾ ਵਿਸ਼ਵੀਕਰਨ ਇੱਕ ਅਜਿਹੇ ਸਮਾਜ ਦੀ ਸਥਾਪਨਾ ਵੱਲ ਅਗਰਸਰ ਹੈ ਜਿਸ ਵਿੱਚ ਉਚ-ਨੀਚ, ਛੂਤ-ਛਾਤ, ਜਾਤ-ਪਾਤ, ਅਮੀਰ-ਗਰੀਬ, ਕਾਲੇ-ਗੋਰੇ ਆਦਿ ਦੇ ਸੰਕਲਪ ਨੂੰ ਨਜ਼ਰ ਅੰਦਾਜ਼ ਕਰਕੇ ਇਨ੍ਹਾਂ ਦੇ ਇੱਕ ਸਮੂਹਿਕ ਭਾਈਚਾਰਕ ਸਮਾਜ ਦੀ ਦ੍ਰਿਸ਼ਟੀ ਰੱਖਦਾ ਹੈ। ਵਿਸ਼ਵੀਕਰਨ ਦਾ ਪੂੰਜੀਵਾਦੀ ਪਹਿਲੂ ਉਂਝ ਤਾਂ ਅਮੀਰ-ਗਰੀਬ ਦੇ ਪਾੜੇ ਨੂੰ ਦੂਰ ਕਰਨ ਦੀ ਗੱਲ ਕਰਦਾ ਹੈ ਪਰੰਤੂ ਸਿਧਾਂਤਕ ਤੋਰ ਤੇ ਅਜਿਹਾ ਹੋਣਾ ਸੰਭਵ ਨਹੀਂ ਜਾਪਦਾ ਕਿਉਂਕਿ ਵਿਸ਼ਵ ਭਰ ਵਿੱਚ ਨਸਲਵਾਦ ਦਾ ਵਿਤਕਰਾ ਵੇਖਣ ਨੂੰ ਮਿਲਦਾ ਹੈ ਪਰੰਤੂ ਗੁਰੂ ਨਾਨਕ ਬਾਣੀ ਸਿਧਾਂਨਕ ਅਤੇ ਵਿਵਹਾਰਕ ਪੱਧਰ ਤੇ ਤਰਕਯੁਕਤ ਬੁਲੰਦ ਅਵਾਜ਼ ਉਠਾਉਂਦੀ ਹੈ ਅਤੇ ਵਰਣ-ਵੰਡ, ਜਾਤ-ਪਾਤ, ਛੂਤ-ਛਾਤ ਜਾਂ ਨਸਲੀ ਵਿਤਕਰਿਆਂ ਅਤੇ ਧਾਰਮਿਕ ਵਖਰੇਵਿਆਂ ਵਿਰੁੱਧ ਸਾਰਥਿਕ ਅਤੇ ਹਾਂ-ਪੱਖੀ ਸੋਚ ਰੱਖਦੀ ਹੈ :

(ੳ) ਜਾਤਿ ਜਨਮੁ ਨਹ ਪੁਛੀਐ

ਸੱਚ ਘਰੁ ਲੇਹੁ ਬਤਾਇ।।

ਸਾ ਜਾਤਿ ਸਾ ਪਤਿ ਹੈ

ਜੇਹੇ ਕਰਮ ਕਮਾਇ।। 7

(ਅ) ਜਾਣਹੁ ਜੋਤਿ ਨ ਪੂਛਹੁ ਜਾਤੀ

ਆਗੈ ਜਾਤਿ ਨ ਹੇ।। 8



Scanned with OKEN Scanner

ਗੁਰੂ ਨਾਨਕ ਚਿੰਤਨ ਵਿਚਲੀ ਵਿਚਾਰਧਾਰਾ ਤੱਤਕਾਲੀਨ ਸਮਾਜ ਦੇ ਬਹੁ-ਪਰਤੀ ਅਨੇਕ ਤੱਤਵਾਦਤਾ ਨੂੰ ਦ੍ਰਿਸ਼ਟੀਗੋਚਰ ਕਰਦੀ ਹੋਈ ਨਿਰੰਤਰ ਗਤੀਸ਼ੀਲਤਾ ਵਾਲੇ ਸਮਾਜ ਲਈ ਸੁਝਾਉ ਪੇਸ਼ ਕਰਦੀ ਹੋਈ, ਸਰਬ-ਵਿਆਪਕ ਅਤੇ ਸਰਬ-ਹਿੱਤਕਾਰੀ ਮਾਰਗ ਦੀ ਮੰਜ਼ਿਲ ਤੱਕ ਪਹੁੰਚਾਉਣ ਲਈ ਅਗਰਸਰ ਹੈ। ਇਸ ਰੁਚੀ ਵਿਚੋਂ ਹੀ ਉਹਨਾਂ ਦੀ ਉਹ ਚੇਤਨਤਾ ਅਤੇ ਅਨੁਭਵ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸਦੇ ਅਧਾਰ ਤੇ ਸਮੂਹ ਮਾਨਵਤਾ ਨੂੰ ਵਿਸ਼ਵ-ਵਿਆਪੀ ਪੱਧਰ ਤੇ ਅੰਤਰ-ਸੰਵਾਦ ਅਤੇ ਮੇਲ-ਮਿਲਾਪ ਰਚਾਉਣ ਲਈ ਪ੍ਰੇਰਿਆ ਜਾ ਸਕਦਾ ਹੈ। ਗੁਰੂ ਨਾਨਕ ਬਾਣੀ ਦਾ ਹਰ ਪੱਖ ਅਜੋਕੇ ਵਿਸ਼ਵੀਕਰਨ ਅੰਦਰ ਖਾਸ ਮਹੱਤਤਾ ਰੱਖਦਾ ਹੈ।

## ਹਵਾਲੇ ਅਤੇ ਟਿਪਣੀਆਂ :-


1. ਡਾ. ਸੁਖਵਿੰਦਰ ਕੋਰ ਬਾਜਵਾ, ਉੱਤਰ-ਆਧੁਨਿਕਤਾਵਾਦ ਅਤੇ ਗੁਰਬਾਣੀ, ਪੰਨਾ 42
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 463
3. ਉਹੀ, ਪੰਨਾ 466
4. ਉਹੀ, ਪੰਨਾ 5
5. ਉਹੀ, ਪੰਨਾ 929
6. ਉਹੀ, ਪੰਨਾ 1108
7. ਉਹੀ, ਪੰਨਾ 1330
8. ਉਹੀ, ਪੰਨਾ 349



ਈਮੇਲ : harjeetkaur7117@,gmail.com





Scanned with OKEN Scanner